# ਅੰਗੂਰ ਖੱਟੇ ਹਨ

ਇਕ ਵਾਰ ਇਕ ਲੂੰਬੜੀ ਬੜੀ ਹੀ ਭੁੱਖੀ ਸੀ । ਕੁਝ ਖਾਣ ਦੀ ਤਲਾਸ਼ ਵਿਚ ਉਹ ਕਦੀ ਏਧਰ ਜਾਂਦੀ, ਕਦੀ ਉਧਰ ਜਾਂਦੀ, ਪਰ ਤਾਂ ਵੀ . ਕੋਈ ਸੁਆਦ ਜਿਹੀ ਚੀਜ਼ ਉਸਨੂੰ ਨਾ ਦਿਸੀ.. ਜਿਸ ਨੂੰ ਖਾ ਕੇ ਉਸਨੂੰ ਰੱਜ ਆ ਜਾਂਦਾ। ਉਹ ਇਕ ਬਾਗ ਦਾ ਚੱਕਰ ਲਾ ਰਹੀ ਸੀ। ਕਿ ਉਸ ਨੂੰ ਅੰਗੂਰਾਂ ਦੇ ਗੁੱਛੇ ਦਿਸੇ । ਵੇਖਦਿਆਂ ਸਾਰ ਉਸ ਦਾ ਦਿਲ ਬਾਗ਼ ਬਾਗ ਹੋ ਗਿਆ । ਉਸ ਦੀ ਭੁੱਖ ਹੋਰ ਚਮਕ ਉੱਠੀ । ਉਸਨੇ ਇਕ ਛਾਲ ਮਾਰੀ, ਤਾਂ ਕਿ ਅੰਗੂਰਾਂ ਦੇ ਗੁੱਛੇ ਤੱਕ ਅੱਪੜ ਸਕੇ, ਪਰ ਗੁੱਛਾ ਕੁਝ ਉੱਪਰ ਸੀ ਤੇ ਉਸ ਦੇ ਹੱਥ ਵਿਚ ਨਾ ਆਇਆ । ਹੁਣ ਇਕ ਹੋਰ ਛਾਲ ਮਾਰੀ, ਇਕ ਹੋਰ ਤੇ ਫਿਰਇਕ ਹੋਰ । ਪਰ ਅੰਗਰਾਂ ਦੇ ਗੁੱਛੇ ਕਾਫੀ ਉੱਚੇ ਸਨ । ਇਸ ਕਰਕੇ ਕੋਈ ਵੀ ਹੱਥ ਵਿੱਚ ਨਹੀਂ ਆ ਰਿਹਾ ਸੀ। ਥੱਕ ਹਾਰ ਕੇ ਲੰਬੜੀ ਖੜੀ ਹੋ ਗਈ। ਹੁਣ ਉਸ ਦੀ ਕੁੱਟ-ਕੁੱਦ ਕੇ ਬੱਸ ਹੋ ਚੁੱਕੀ ਸੀ । ਅੰਤ ਵਿਚ ਜਦੋਂ ਉਸ ਨੂੰ ਲੱਗਿਆ ਕਿ ਹੁਣ ਅੰਗੂਰ ਤੋੜਨਾ ਉਸ ਦੇ ਵੱਸ ਦੀ ਗੱਲ ਨਹੀਂ ਹੈ ਤਾਂ ਉਹ ਇਹ ਕਹਿੰਦੀ ਹੋਈ ਉਥੋਂ ਤੁਰ ਪਈ ਮੈਂ ਕੀ ਲੈਣਾ ਏ ਇਨ੍ਹਾਂ ਅੰਗੁਰਾਂ ਨੂੰ ਤੋੜ ਕੇ, ਅੰਗੁਰ ਤਾਂ ਖੱਟੇ ਹਨ ਸੋ ਜੋ ਕੰਮ ਉਹ ਕਰ ਨਾ ਸਕੀ ਤਾਂ ਉਸਨੇ ਅੰਗੁਰਾਂ ਨੂੰ ਹੀ ਦੋਸ਼ ਦੇ ਕੇ ਆਪਣੇ ਮਨ ਦੀ ਤਸੱਲੀ ਕਰ ਲਈ।

**ਸਿੱਟਾ : ਹੱਥ ਨਾ ਪਹੁੰਚੇ ਥੂ ਕੌੜੀ**